# ਨਸ਼ੀਲੇ ਪਾਊਡਰ ਅਤੇ ਟੀਕਿਆਂ ਸਮੇਤ ਦੋ ਕਾਬੂ

ਨੰਗਲ, 10 ਮਈ (ਪ੍ਰੀਤਮ ਸਿੰਘ ਬਰਾਰੀ)-ਪੁਲਿਸ ਵਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਦੋ ਵਿਅਕਤੀਆਂ ਨੂੰ 15 ਗ੍ਰਾਮ ਨਸ਼ੀਲਾ ਪਾਊਡਰ ਅਤੇ 20 ਟੀਕਿਆਂ ਸਮੇਤ ਕਾਬੂ ਕੀਤਾ ਗਿਆ। ਇਸ ਦੀ ਪੁਸ਼ਟੀ ਕਰਦਿਆਂ ਪੁਲੀਸ ਥਾਣਾ ਮੁਖੀ ਨੰਗਲ ਸਬ ਇੰਸਪੈਕਟਰ ਦਾਨਿਸ਼ਵੀਰ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਬਲਰਾਮ ਆਪਣੇ ਸਾਥੀ ਕਰਮਚਾਰੀਆਂ ਨਾਲ ਗਸ਼ਤ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸੰਬੰਧ ਵਿਚ ਬੀ.ਬੀ.ਐਮ.ਬੀ. ਫਾਟਕ ਨੇੜੇ ਐਸ.ਵਾਈ.ਐਲ. ਨਹਿਰ ਕੋਲ ਮੌਜੂਦ ਸਨ ਤਾਂ ਉਨ੍ਹਾਂ ਨੂੰ ਇੱਕ ਮੁਖ਼ਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਸ਼ਿਵ ਕੁਮਾਰ ਉਰਫ਼ ਬੰਟੀ ਪੁੱਤਰ ਦਲਜੀਤ ਕੁਮਾਰ ਕਟਾਰੀਆ ਵਾਸੀ ਰਾਜ ਨਗਰ ਥਾਣਾ ਨੰਗਲ ਅਤੇ ਸੂਰਜ ਪੁੱਤਰ ਪ੍ਰਿਥੀ ਵਾਸੀ ਝੁੱਗੀਆਂ ਨੇੜੇ ਟਰੱਕ ਯੂਨੀਅਨ ਨੰਗਲ ਨਸ਼ਾ ਕਰਨ 'ਤੇ ਵੇਚਣ ਦੇ ਆਦੀ ਹਨ। ਜੋ ਅੱਜ ਵੀ ਰਾਜਨਗਰ ਨੰਗਲ ਦੇ ਏਰੀਆ ਵਿਚ ਅਤੇ ਚੀਫ਼ ਰੈਸਟੋਰੈਂਟ ਰੋਡ ਉੱਤੇ ਤੁਰ ਫਿਰ ਕੇ ਗ੍ਰਾਹਕ ਦੀ ਉਡੀਕ ਵਿਚ ਹਨ। ਜਿਸ ਮਗਰੋਂ ਉਨ੍ਹਾਂ ਵਲੋਂ ਪੁਲਿਸ ਥਾਣਾ ਨੰਗਲ ਵਿਖੇ ਇਸ ਸਬੰਧੀ ਇਤਲਾਹ ਦਿੱਤੀ ਗਈ ਜਿਸ ਮਗਰੋਂ ਏ.ਐਸ.ਆਈ. ਬਲਵੀਰ ਸਿੰਘ ਦੀ ਅਗਵਾਈ ਹੇਠਲੀ ਪੁਲੀਸ ਪਾਰਟੀ ਵਲੋਂ ਰੇਡ ਕਰਕੇ ਉਕਤ ਦੋਵਾਂ ਨੂੰ ਚੈੱਕ ਕਰਨ ਤੇ ਇਨ੍ਹਾਂ ਕੋਲੋਂ ਪੰਦਰਾਂ ਗ੍ਰਾਮ ਨਸ਼ੀਲਾ ਪਾਊਡਰ ਤੇ 20 ਟੀਕੇ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਇਨ੍ਹਾਂ ਨੂੰ ਹਿਰਾਸਤ 'ਚ ਲੈ ਕੇ ਪੁਲੀਸ ਥਾਣਾ ਨੰਗਲ ਵਿਚ ਉਕਤ ਦੋਵਾਂ ਵਿਅਕਤੀਆਂ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲੀਸ ਵਲੋਂ ਮਾਣਯੋਗ ਅਦਾਲਤ ਵਿਚ ਇਨ੍ਹਾਂ ਦੋਵਾਂ ਨੂੰ ਪੇਸ਼ ਕਰਕੇ ਇੱਕ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਅਜੀਤ ®©
11-May-2022
Page: 5
http://epaper.ajitjalandhar.com/edition/20220511/10/5.cr